## ਕੀ ਹੋ ਰਿਹਾ ਹੈ? ਪ੍ਰੋਜੈਕਟਸ






ਸੈੱਸਟਰਨ ਪੂਰੇ ਰੀਜਨ ਵਿਚ ਟ੍ਰਾਂਸਪੋਰਟ ਡਿਵੈੱਲਪਮੈਂਟ ਇਨੀਸ਼ੀਏਟਿਵਜ਼ (ਆਵਾ ਜਾਈ ਦੇ ਵਿਕਾਸ ਵਾਲੀਆਂ ਯੋਜਨਾਵਾਂ) ਦੇ ਮੁੱਖ ਪ੍ਰੋਗਰਾਮ ਨੂੰ ਸਮਰਥਨ ਦੇ ਰਿਹਾ ਹੈ। ਅਸੀਂ 2007–08 ਵਿਚ ਕਈ ਤਰ੍ਹਾਂ ਦੇ ਪ੍ਰੋਜੈਕਟਾਂ – ਪਾਰਕ ਐਂਡ ਰਾਈਡ, ਬੱਸਾਂ ਦੀਆਂ ਪ੍ਰਾਥਮਿਕਤਾਵਾਂ ਤਕ 15 ਮਿਲੀਅਨ ਪੌਂਡ ਖਰਚਾਂਗੇ।

ਵਰਤਮਾਨ ਹਾਈ ਪਰਿਆਰਿਟੀ (ਜ਼ਿਆਦਾ ਪ੍ਰਾਥਮਿਕਤਾਵਾਂ) ਵਾਲੀਆਂ ਸਕੀਮਾਂ ਵਿਚ ਸ਼ਾਮਿਲ ਹਨ:

* **ਬੱਸ ਰੀਅਲ ਟਾਈਮ ਪੈਸੰਜਰ ਇਨਫਰਮੇਸ਼ਨ** – ਐਡਿਨਬਰ੍ਹਾ ਵਿਚ ਇਸ ਦੇ ਸਫਲਤਾਪੂਰਬਕ ਲਾਗੂ ਹੋਣ ਤੋਂ ਬਾਅਦ, ਸੈੱਸਟਰਨ ਆਰ ਟੀ ਪੀ ਆਈ ਨੂੰ ਈਸਟ ਲੋਦੀਅਨ ਅਤੇ ਮਿਡਲੋਦੀਅਨ ਵਿਚ 1.5 ਮਿਲੀਅਨ ਪੌਂਡ ਦੇ ਖਰਚੇ ਤੇ ਲਾਗੂ ਕਰ ਰਿਹਾ ਹੈ।
* **ਯੂ ਟੀ ਐੱਮ ਸੀ ਰੂਟ ਅਤੇ ਕਾਰ ਪਾਰਕ ਗਾਈਡੈਂਸ ਸਿਸਟਮ** – ਸਟੇਟ ਆਫ ਦੀ ਆਰਟ (ਪੂਰੀ ਤਰ੍ਹਾਂ ਆਧੁਨਿਕ) ਸਿਸਟਮ ਤੇ 1.8 ਮਿਲੀਅਨ ਪੌਂਡ ਖਰਚੇ ਜਾ ਰਹੇ ਹਨ ਤਾਂ ਜੋ ਮੁੱਖ ਰੂਟਾਂ ਤੇ ਐਡਿਨਬਰ੍ਹਾ ਵਿਚ ਆਉਣ ਵਾਲੇ ਅਤੇ ਇਸ ਵਿਚੋਂ ਬਾਹਰ ਜਾਣ ਵਾਲੇ ਟ੍ਰੈਫਿਕ ਨੂੰ ਚਲਦਾ ਰੱਖਿਆ ਜਾ ਸਕੇ।
* **ਸ਼ਾਟਸ ਲਾਈਨ ਦਾ ਸੁਧਾਰ** – ਸੈੱਸਟਰਨ ਵਰਤਮਾਨ ਲਾਈਨ ਵਿਚ ਸੁਧਾਰ ਦਾ ਸਮਰਥਨ ਕਰ ਰਿਹਾ ਹੈ ਜਿਸ ਕਰਕੇ ਐਡਿਨਬਰ੍ਹਾ ਤੋਂ ਗਲਾਸਗੋ ਤਕ ਨਵੀਂ ਐੱਕਸਪ੍ਰੈਸ ਰੇਲ ਸਰਵਿਸ ਸ਼ੁਰੂ ਹੋ ਜਾਏਗੀ।

• ਟਰਿੱਪਸ਼ੇਅਰ ਸੈੱਸਟਰਨ – ਸਿੰਗਲ ਆਕੂਪੈਂਸੀ (ਕਾਰ ਵਿਚ ਸਫਰ ਕਰਨ ਵਾਲਾ ਇਕ ਬੰਦਾ ਹੋਣਾ) ਵਾਲੀ ਕਾਰ ਦੇ ਸਫਰਾਂ ਨੂੰ ਘੱਟ ਕਰਨ ਲਈ ਅਤੇ ਪੂਰੇ ਰੀਜਨ ਵਿਚ ਟ੍ਰੈਫਿਕ ਦੀ ਭੀੜ–ਭਾੜ ਨੂੰ ਘੱਟ ਕਰਨ ਲਈ ਆਪਣੇ ਲੋਕਲ ਅਥਾਰਿਟੀ ਪਾਰਟਨਰਾਂ ਨਾਲ ਮਿਲ ਕੇ ਅਸੀਂ ਨਿਯਮਿਤ ਰੂਪ ਵਿਚ ਕਾਰ ਦੀ ਸਾਂਝ ਨੂੰ ਵਧਾਉਣ ਲਈ ਕੰਮ ਕਰ ਰਹੇ ਹਾਂ।

ਸੈੱਸਟਰਨ ਆਸ ਕਰਦਾ ਹੈ ਕਿ ਪੂਰੇ ਸਾਊਥ ਈਸਟ ਸਕੌਟਲੈਂਡ ਵਿਚ ਜਾਰੀ ਰਹਿਣ ਵਾਲੇ ਇਨਫਰਾਸਟਰਕਚਰ (ਆਧਾਰਕ ਸੰਰਚਨਾ) ਅਤੇ ਟ੍ਰਾਂਸਪੋਰਟ ਸਰਵਿਸਿਜ਼ ਤੇ ਅਗਲੇ 15 ਸਾਲਾਂ ਵਿਚ ਤਕਰੀਬਨ 1ਬਿਲੀਅਨ ਪੌਂਡ ਦਾ ਨਿਵੇਸ਼ ਕੀਤਾ ਜਾਏਗਾ।

## ਹੋਰ ਜ਼ਿਆਦਾ ਪਤਾ ਕਰਨ ਲਈ

ਸੈੱਸਟਰਨ ਦੇ ਕੰਮ ਬਾਰੇ ਹੋਰ ਜ਼ਿਆਦਾ ਪਤਾ ਕਰਨ ਲਈ ਜਾਂ ਰੀਜਨਲ ਟ੍ਰਾਂਸਪੋਰਟ ਸਟ੍ਰੈਟੇਜੀ ਦੀ ਕਾਪੀ ਡਾਊਨਲੋਡ ਕਰਨ ਲਈ ਸਾਡੇ ਵੈੱਬਸਾਈਟ www.sestran.gov.uk ਤੇ ਲਾਗ ਆਨ ਕਰੋ ਜਾਂ ਇਸ ਪਤੇ ਤੇ ਸਾਡੇ ਨਾਲ ਸੰਪਰਕ ਕਰੋ:


SEStran
8b McDonald Road
Edinburgh
EH6 4AZ
ਫੋਨ: 0131-524-5161
ਫੈਕਸ: 0131 524 5150
ਈਮੇਲ: enquiries@sestran.gov.uk


## ਸਾਨੂੰ ਕਿਵੇਂ ਢੂੰਢ ਸਕਦੇ ਹੋ




www.sestran.gov.uk

## *ਸੈੱਸਟਰਨ ਕੌਣ ਹਨ?*

ਅਸੀਂ ਰੀਜਨਲ ਟ੍ਰਾਂਸਪੋਰਟ ਪਾਰਟਨਰਸ਼ਿਪ ਹਾਂ ਜਿਸ ਵਿਚ ਐੱਸ ਈ ਸਕੌਟਲੈਂਡ ਦੀਆਂ 8 ਸਥਾਨਕ ਕੌਂਸਲਾਂ ਹਨ; ਬਾਰਡਰਜ਼, ਈਸਟ ਲੋਦੀਅਨ, ਵੈੱਸਟ ਲੋਦੀਅਨ ਅਤੇ ਮਿਡਲੋਦੀਅਨ, ਐਡਿਨਬਰ੍ਹਾ, ਫ਼ਾਈਫ, ਫਾਲਕਰਕ ਅਤੇ ਕਲੈਕਮੈਨਨਸ਼ਾਇਰ

## *ਉਦੇਸ਼/ਅਸੀਂ ਕੀ ਕਰਦੇ ਹਾਂ?*

ਸੈੱਸਟਰਨ ਦਾ ਉਦੇਸ਼ ਐੱਸ ਈ ਸਕੌਟਲੈਂਡ ਲਈ ਟ੍ਰਾਂਸਪੋਰਟੇਸ਼ਨ (ਆਵਾਜਾਈ) ਦਾ ਇਹੋ ਜਿਹਾ ਸਿਸਟਮ ਵਿਕਸਿਤ ਕਰਨ ਦਾ ਹੈ ਜਿਹੜਾ ਬਿਜ਼ਨਿਸ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਕੰਮ ਕਰਨ ਯੋਗ ਬਣਾਏਗਾ ਅਤੇ ਇਸ ਰੀਜਨ (ਖੇਤਰ) ਵਿਚ ਰਹਿਣ ਵਾਲੇ ਹਰ ਇਕ ਬੰਦੇ ਨੂੰ ਸੁਧਾਰ ਕੀਤੀ ਹੋਈ ਸਿਹਤ ਦੀ ਦੇਖ ਭਾਲ, ਐਜੂਕੇਸ਼ਨ, ਜਨਤਕ ਸੇਵਾਵਾਂ ਅਤੇ ਰੋਜ਼ਗਾਰ ਦੇ ਅਵਸਰਾਂ ਤਕ ਪਹੁੰਚ ਕਰਨ ਦੇ ਅਵਸਰ ਪ੍ਰਦਾਨ ਕਰੇਗਾ।

## *ਭਵਿੱਖ ਲਈ ਵਿਉਂਤਬੰਦੀ*

ਐੱਸ ਈ ਸਕੌਟਲੈਂਡ ਦੀ ਆਬਾਦੀ ਵਿਚ 2024 ਤਕ 10% ਦਾ ਵਾਧਾ ਹੋ ਸਕਦਾ ਹੈ। ਇਹ ਟ੍ਰਾਂਸਪੋਰਟੇਸ਼ਨ ਦੀ ਮੰਗ ਨੂੰ ਵਧਾ ਦੇਵੇਗਾ ਅਤੇ ਇਸ ਨਾਲ ਟ੍ਰੈਫਿਕ ਕੰਜੈਸ਼ਨ (ਭੀੜ–ਭੜਕਾ) ਅਤੇ ਪ੍ਰਦੂਸ਼ਨ ਵਿਚ ਵਾਧਾ ਹੋਣ ਦੀ ਸੰਭਾਵਨਾ ਨੂੰ ਵਧਾਏਗਾ।

ਸੈੱਸਟਰਨ ਇਸ ਚੈਲੰਜ (ਚੁਣੌਤੀ) ਦਾ ਮੁਕਾਬਲਾ ਇਸ ਤਰ੍ਹਾਂ ਕਰੇਗਾ:

* **ਪਬਲਿਕ ਟ੍ਰਾਂਸਪੋਰਟ ਦੇ ਪ੍ਰਾਵਧਾਨ ਨੂੰ ਵਿਕਸਿਤ ਕਰਨਾ ਅਤੇ ਉਸ ਵਿਚ ਸੁਧਾਰ ਕਰਨਾ ਅਤੇ ਬਹੁਤ ਸਾਰਿਆਂ ਟ੍ਰੈਵਲਰਾਂ (ਸਫਰ ਕਰਨ ਵਾਲੇ ਲੋਕ) ਵੱਲੋਂ ਸਫਰ ਦੇ ਇਸ ਤਰੀਕੇ ਦੀ ਚੋਣ ਕਰਨੀ।**
* **ਲੋਕਾਂ ਨੂੰ "ਸਮਰਾਟ" ਟ੍ਰੈਵਲ ਚੋਆਇਸਿਜ਼ (ਸਫਰ ਕਰਨ ਦੇ ਤਰੀਕਿਆਂ ਬਾਰੇ ਚੋਣ) ਕਰਨ ਬਾਰੇ ਉਤਸਾਹਿਤ ਕਰਨਾ, ਜਿਸ ਵਿਚ, ਜਿਥੇ ਵਿਹਾਰਕ ਹੋਵੇ, ਸਾਈਕਲਿੰਗ ਅਤੇ ਵਾਕਿੰਗ ਸ਼ਾਮਿਲ ਹੈ।**
* **ਇਕੱਲੇ ਬੰਦੇ ਵੱਲੋਂ ਕੀਤੇ ਜਾਣ ਵਾਲੇ ਕਾਰ ਦੇ ਸਫਰ ਅਤੇ ਸਾਧਾਰਨ ਤੌਰ ਤੇ ਕਾਰ ਤੇ ਨਿਰਭਰਤਾ ਨੂੰ ਘਟਾਉਣਾ।**
* **ਗਰੀਨਹਾਊਸ ਗੈਸ ਐੱਮਿਸ਼ਿਨਜ਼ (ਨਿਕਾਸਾਂ) ਅਤੇ ਹੋਰ ਪੋਲੂਟੈਂਟਸ (ਪ੍ਰਦੂਸ਼ਿਤ ਕਰਨ ਵਾਲੀਆਂ ਚੀਜ਼ਾਂ ਆਦਿ) ਨੂੰ ਘਟਾਉਣਾ।**

*ਸੈੱਸਟਰਨ ਵਿਜ਼ਨ (ਕਲਪਨਾ ਰਾਹੀਂ ਵੇਖਨਾ): " ਇਕ ਰੀਜਨਲ ਟ੍ਰਾਂਸਪੋਰਟ ਸਿਸਟਮ ਹੈ ਜਿਹੜਾ ਸਾਊਥ ਈਸਟ ਸਕੌਟਲੈਂਡ ਦੇ ਸਾਰਿਆਂ ਨਾਗਰਿਕਾਂ ਨੂੰ ਟ੍ਰਾਂਸਪੋਰਟ ਲਈ ਅਸਲੀ ਚੋਣ ਪ੍ਰਦਾਨ ਕਰਦਾ ਹੈ ਜਿਸ ਨਾਲ ਉਨ੍ਹਾਂ ਦੀਆਂ ਲੋੜਾਂ ਦੀ ਪੂਰਤੀ ਹੁੰਦੀ ਹੈ ਅਤੇ ਬਹੁਤ ਸਾਰੇ ਆਧਾਰ ਤੇ ਕੰਮ ਲਈ ਸਫਰ ਦਿਆਂ ਅਵਸਰਾਂ ਅਤੇ ਲਈਯਰ (ਵਿਹਲੇ ਸਮੇਂ ਦੀਆਂ ਕ੍ਰਿਆਵਾਂ) ਪ੍ਰਦਾਨ ਕਰਦਾ ਹੈ"*

## *ਅਸੀਂ ਇਹ ਕੁਝ ਕਿਸ ਤਰ੍ਹਾਂ ਕਰਾਂਗੇ?*

ਸਕੌਟਲੈਂਡ ਦੇ ਸਭ ਤੋਂ ਜ਼ਿਆਦਾ ਇਕਨਾਮੀਕਲ ਵਾਈਬਰੈਂਟ ਰੀਜਨ (ਆਰਥਿਕ ਤੌਰ ਤੇ ਤੇਜ਼ ਗਤੀਵਿਧੀ ਵਾਲਾ ਖੇਤਰ) ਵਿਚ ਰਹਿਣ ਵਾਲੇ 1.5 ਮਿਲੀਅਨ ਲੋਕਾਂ ਦੀਆਂ ਟ੍ਰਾਂਸਪੋਰਟ ਲੋੜਾਂ ਦੀ ਵਿਉਂਤਬੰਦੀ ਕਰਨ ਲਈ ਸੈੱਸਟਰਨ ਦੀ ਰੀਜਨਲ ਟ੍ਰਾਂਸਪੋਰਟ ਸਟ੍ਰੈਟੇਜੀ (ਰਣ–ਨੀਤੀ) ਦਾ ਵਿਕਾਸ ਇਕ ਇਤਿਹਾਸਕ ਅਵਸਰ ਸੀ। ਸਾਊਥ ਈਸਟ ਸਕੌਟਲੈਂਡ ਵਿਚ ਟ੍ਰਾਂਸਪੋਰਟ ਦੇ ਵਿਕਾਸ ਲਈ ਇਹ ਬਲਿਊਪਰਿੰਟ (ਰੂਪ–ਰੇਖਾ) ਹੈ ਜਿਹੜਾ ਆਉਣ ਵਾਲੇ 15 ਸਾਲਾਂ ਲਈ ਸਾਡੇ ਕੰਮ ਦਾ ਮੁੱਖ ਭਾਗ ਹੋਏਗਾ।

ਰੀਜਨਲ ਟ੍ਰਾਂਸਪੋਰਟ ਸਟ੍ਰੈਟੇਜੀ ਦੇ ਚਾਰ ਮੁੱਖ ਉਦੇਸ਼ ਹਨ:

* **ਅਰਥ ਵਿਵਸਥਾ**: ਇਹ ਨਿਸ਼ਚਿਤ ਕਰਨਾ ਕਿ ਟ੍ਰਾਂਸਪੋਰਟ ਦੀਆਂ ਸੁਵਿਧਾਵਾਂ ਤਰੱਕੀ, ਖੇਤਰੀ ਖੁਸ਼ਹਾਲੀ ਅਤੇ ਸਜੀਵਤਾ ਜਾਰੀ ਰੱਖਨ ਯੋਗ ਹਨ।
* ਪਹੁੰਚਯੋਗਤਾ: ਇਹੋ ਜਿਹੇ ਲੋਕਾਂ ਲਈ ਟ੍ਰਾਂਸਪੋਰਟ ਦੀਆਂ ਸੁਵਿਧਾਵਾਂ ਨੂੰ ਨਿਸ਼ਚਿਤ ਕਰਨਾ ਜਿਨ੍ਹਾਂ ਦੀਆਂ ਟ੍ਰਾਂਸਪੋਰਟ ਵਾਲੀਆਂ ਚੋਣਾਂ ਸੀਮਿਤ ਹਨ ਜਾਂ ਉਨ੍ਹਾਂ ਦੀ ਕਾਰ ਤਕ ਪਹੁੰਚ ਨਹੀਂ ਹੈ; ਵਿਸ਼ੇਸ਼ ਤੌਰ ਤੇ ਇਹੋ ਜਿਹੇ ਬੰਦਿਆਂ ਲਈ ਜਿਹੜੇ ਦੇਹਾਤੀ ਇਲਾਕਿਆਂ ਵਿਚ ਰਹਿੰਦੇ ਹਨ।
* ਵਾਤਾਵਰਣ: ਇਹ ਨਿਸ਼ਚਿਤ ਕਰਨਾ ਕਿ ਵਿਕਾਸ ਦੀ ਪ੍ਰਾਪਤੀ ਜਾਰੀ ਰਹਿਣ ਵਾਲੇ ਤਰੀਕੇ ਨਾਲ ਕੀਤੀ ਜਾਂਦੀ ਹੈ।
* ਸੁਰੱਖਿਆ ਅਤੇ ਸਿਹਤ: ਸੈੱਸਟਰਨ ਏਰੀਏ ਦੀ ਆਬਾਦੀ ਨੂੰ ਹੋਰ ਜ਼ਿਆਦਾ ਸਿਹਤਮੰਦ ਅਤੇ ਹੋਰ ਜ਼ਿਆਦਾ ਐਕਟਿਵ ਹੋਣ ਲਈ ਪ੍ਰੋਤਸਾਹਨ ਦੇਣਾ।

ਸਾਡਾ ਉਦੇਸ਼ ਸਾਊਥ ਈਸਟ ਸਕੌਟਲੈਂਡ ਲਈ ਵਰਲਡ–ਕਲਾਸ ਟ੍ਰਾਂਸਪੋਰਟੇਸ਼ਨ ਇਨਫਰਾਸਟਰਕਚਰ (ਆਵਾਜਾਈ ਦੀ ਬਹੁਤ ਵੱਧੀਆ ਆਧਾਰਕ ਸੰਰਚਨਾ) ਵਿਕਸਿਤ ਕਰਨਾ ਹੈ ਜਿਹੜਾ ਵਿਸਤ੍ਰਿਤ, ਸ਼ਾਮਿਲ ਕਰਨ ਵਾਲਾ ਅਤੇ ਵਾਤਾਵਰਣਿਕ ਤੌਰ ਤੇ ਜਾਰੀ ਰਹਿਣ ਵਾਲਾ ਹੋਵੇ। ਇਹ ਜ਼ਰੂਰੀ ਹੈ ਕਿ ਇਹ ਹੋਰ ਰੀਜਨਲ ਟ੍ਰਾਂਸਪੋਰਟ ਪਾਰਟਨਰਸ਼ਿਪਾਂ ਅਤੇ ਰਾਸ਼ਟਰੀ ਸਰਕਾਰ ਨਾਲ ਮਿਲ ਕੇ ਸਕੌਟਲੈਂਡ ਲਈ ਸਮੁੱਚੀ ਟ੍ਰਾਂਸਪੋਰਟ ਸਟ੍ਰੈਟੇਜੀ ਵਿਚ ਯੋਗਦਾਨ ਪਾਵੇ।